Government of **Western Australia**
**School Curriculum and Standards Authority**

## ਭਾਸ਼ਾ ਦੀ ਦਾਖਲਾ ਪ੍ਰਕਿਰਿਆ – ਮਾਪਿਆਂ ਵਾਸਤੇ ਜਾਣਕਾਰੀ

ਉਹ ਸਾਰੇ ਵਿਦਿਆਰਥੀ ਜੋ *WACE ਭਾਸ਼ਾ ਕੋਰਸ* ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਹਨਾਂ ਨੂੰ ਸਕੂਲ ਪਾਠਕ੍ਰਮ ਅਤੇ ਮਿਆਰ ਅਥਾਰਟੀ (ਅਥਾਰਟੀ) ਨੂੰ WACE ਭਾਸ਼ਾ ਕੋਰਸ ਵਿੱਚ *ਦਾਖਲਾ ਲੈਣ ਦੀ ਆਗਿਆ ਲਈ ਔਨਲਾਈਨ ਅਰਜ਼ੀ* ਜਮ੍ਹਾਂ ਕਰਵਾਉਣੀ ਪੈਂਦੀ ਹੈ।

ਔਨਲਾਈਨ ਅਰਜ਼ੀ ਵਿਦਿਆਰਥੀਆਂ ਦੁਆਰਾ ਉਦੋਂ ਪੂਰੀ ਕੀਤੀ ਜਾਂਦੀ ਹੈ ਜਦੋਂ ਉਹ 10ਵੀਂ* ਵਿੱਚ ਹੁੰਦੇ ਹਨ।

ਔਨਲਾਈਨ ਅਰਜ਼ੀ ਨੂੰ ਪੂਰਾ ਕਰਨ ਲਈ, ਵਿਦਿਆਰਥੀ ਨੂੰ ਘਰ ਵਿੱਚ ਜਾਂ ਸਕੂਲ ਵਿੱਚ ਕੰਪਿਊਟਰ ਦੀ ਵਰਤੋਂ ਕਰਨ ਦੀ ਲੋੜ ਪਵੇਗੀ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਬੱਚੇ ਦੇ ਭਾਸ਼ਾ ਅਧਿਆਪਕ ਨੂੰ ਜਾਂ ਸਕੂਲ ਦੇ ਪ੍ਰਸ਼ਾਸਨ ਨੂੰ ਤੁਹਾਡੀ ਮਦਦ ਕਰਨ ਲਈ ਪੁੱਛੋ।

### ਲੋੜੀਂਦੀ ਜਾਣਕਾਰੀ

ਤੁਹਾਡੇ ਬੱਚੇ ਨੂੰ ਹੇਠ ਲਿਖੇ ਵੇਰਵੇ ਪ੍ਰਦਾਨ ਕਰਨ ਦੀ ਲੋੜ ਪਵੇਗੀ:
- ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਹਰ ਸਕੂਲੀ ਸਾਲ ਵਾਸਤੇ ਹਾਜ਼ਰੀ ਭਰੇ ਸਕੂਲਾਂ ਦੇ ਵੇਰਵੇ:
- ਉਹਨਾਂ ਸਾਲਾਂ ਦੀਆਂ ਸਕੂਲ ਰਿਪੋਰਟ/ਟਾਂ ਜਿੱਥੇ ਉਹਨਾਂ ਨੇ ਵਿਦੇਸ਼ ਵਿੱਚ ਸਕੂਲ/ਲਾਂ ਵਿੱਚ ਪੜ੍ਹਾਈ ਕੀਤੀ ਸੀ
- ਉਹ ਦੇਸ਼ ਜਿੰਨ੍ਹਾਂ ਵਿੱਚ ਤੁਸੀਂ ਰਹਿੰਦੇ ਰਹੇ ਹੋ
- ਉਹ ਦੇਸ਼ ਜਿੰਨ੍ਹਾਂ ਦਾ ਤੁਸੀਂ ਦੌਰਾ ਕੀਤਾ ਹੈ
- ਉਸ ਦੇਸ਼ ਵਿੱਚ ਫੇਰੀ/ਆਂ ਪਾਉਣ ਦੇ ਕਾਰਨ
- ਉਸ ਦੇਸ਼ ਵਿੱਚ ਫੇਰੀ/ਆਂ ਦੀ ਲੰਬਾਈ
- ਪਹਿਲੀ ਭਾਸ਼ਾ/ਜਿਸ ਨੂੰ ਵਿਦਿਆਰਥੀ ਨੇ ਬੋਲਣਾ ਸਿੱਖਿਆ ਸੀ
- ਹੋਰ ਭਾਸ਼ਾ/ਵਾਂ ਜਿਸ ਨੂੰ ਵਿਦਿਆਰਥੀ ਬੋਲ, ਪੜ੍ਹ ਅਤੇ ਲਿਖ ਸਕਦਾ/ਸਕਦੀ ਹੈ
- ਉਹ ਭਾਸ਼ਾ/ਵਾਂ ਜਿਸ ਰਾਹੀਂ ਵਿਦਿਆਰਥੀ ਆਪਣੇ ਮਾਪੇ/ਮਾਪਿਆਂ ਜਾਂ ਸਰਪ੍ਰਸਤ/ਤਾਂ ਨਾਲ ਅਤੇ ਆਪਣੇ ਭੈਣ-ਭਰਾਵਾਂ ਤੇ ਦੋਸਤਾਂ ਨਾਲ ਗੱਲ ਕਰਦਾ/ਕਰਦੀ ਹੈ

### ਸਹਿਯੋਗੀ ਦਸਤਾਵੇਜ਼

ਤੁਹਾਡੇ ਬੱਚੇ ਨੂੰ ਹੇਠ ਲਿਖੇ ਦਸਤਾਵੇਜ਼ਾਂ ਦੀ ਫੋਟੋ ਖਿੱਚ ਕੇ ਜਾਂ ਸਕੈਨ ਪ੍ਰਦਾਨ ਕਰਨ ਦੀ ਲੋੜ ਪਵੇਗੀ:
- ਮਾਪਿਆਂ/ਸਰਪ੍ਰਸਤਾਂ ਦਾ ਪ੍ਰਵਾਨਗੀ ਫਾਰਮ (ਲਾਜ਼ਮੀ)
- ਪਾਸਪੋਰਟ ਦਾ ਪਛਾਣ ਵਾਲਾ ਸਫਾ, ਜੇ ਲਾਗੂ ਹੁੰਦਾ ਹੋਵੇ
- ਅੰਤਰਰਾਸ਼ਟਰੀ ਆਉਣ-ਜਾਣ ਦਾ/ਦੇ ਰਿਕਾਰਡ, ਜੇ ਲਾਗੂ ਹੁੰਦਾ ਹੋਵੇ
- ਵਿਦੇਸ਼ੀ ਸਕੂਲ ਰਿਪੋਰਟ/ਟਾਂ, ਜੇ ਲਾਗੂ ਹੁੰਦੀ ਹੋਵੇ।

ਅਰਜ਼ੀ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਅਥਾਰਟੀ ਦੀ ਵੈੱਬਸਾਈਟ ਉੱਤੇ ਉਪਲਬਧ ਹੈ। https://senior-secondary.scsa.wa.edu.au/syllabus-and-support-materials/languages

* ਇਹ 9ਵੀਂ ਜਮਾਤ ਵਿੱਚ ਉਹਨਾਂ ਵਿਦਿਆਰਥੀਆਂ ਉੱਤੇ ਵੀ ਲਾਗੂ ਹੁੰਦਾ ਹੈ ਜੋ ਵਿੱਚ 11ਵੀਂ ਦਾ ਭਾਸ਼ਾ ਕੋਰਸ ਕਰਨ ਲਈ ਅਰਜ਼ੀ ਦੇਣਗੇ।